**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

**(ਵੈਬਸਾਈਟ ਰਾਹੀਂ)**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.,ਐ.ਸਿੱ.)।
ਸਮੂਹ ਸਕੂਲ ਮੁਖੀ।

ਮੀਮੋ ਨੰ: AD(Co)/SSE/2018/4011106
ਮਿਤੀ: 14.06.18

ਵਿਸ਼ਾ :- **ਸਕੂਲਾਂ ਵਿੱਚ ਮਿੱਡ-ਡੇ-ਮੀਲ ਬਣਾਉਣ ਲਈ ਦਰਖਤਾਂ ਦੀ ਕਟਾਈ ਨਾ ਕਰਨ ਸਬੰਧੀ।**

1) ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2) ਉਕਤ ਵਿਸ਼ੇ ਸੰਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਮਿੱਡ-ਡੇ-ਮੀਲ ਬਣਾਉਣ ਲਈ ਸਕੂਲਾਂ ਵਿੱਚ ਲੱਗੇ ਦਰਖ਼ਤਾਂ ਦੀ ਕਟਾਈ ਕਰਕੇ ਲੱਕੜੀ ਦਾ ਪ੍ਰਯੋਗ ਬਤੌਰ ਬਾਲਣ ਕੀਤਾ ਜਾਂਦਾ ਹੈ। ਦਰਖ਼ਤਾਂ ਦੀ ਕਟਾਈ ਕਰਨ ਨਾਲ ਸਕੂਲਾਂ ਦੀ ਦਿੱਖ 'ਤੇ ਮਾੜਾ ਅਸਰ ਪੈਣ ਦੇ ਨਾਲ-ਨਾਲ ਵਾਤਾਵਰਨ ਵੀ ਪ੍ਰਦੂਸ਼ਿਤ ਹੁੰਦਾ ਹੈ।

3) ਉਕਤ ਦੇ ਸਨਮੁੱਖ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵਿੱਚ ਮਿੱਡ-ਡੇ-ਮੀਲ ਬਣਾਉਣ ਲਈ ਸਕੂਲਾਂ ਵਿੱਚ ਲੱਗੇ ਦਰਖਤਾਂ ਦੀ ਕਟਾਈ ਕਰਕੇ ਬਤੌਰ ਬਾਲਣ ਵਰਤੋਂ ਕਰਨ ਤੋਂ ਗੁਰੇਜ ਕੀਤਾ ਜਾਵੇ।

4) ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

ਪਿੱਠਅੰਕਣ ਨੰ: ਉਕਤ
ਮਿਤੀ: 14.06.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.), ਪੰਜਾਬ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
4. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
5. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
6. ਸਮੂਹ ਜ਼ਿਲ੍ਹਾ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

ਸਕੱਤਰ,
ਸਕੂਲ ਸਿੱਖਿਆ, ਪੰਜਾਬ